ਰਾਜ ਸਾਇੰਸ ਸਿੱਖਿਆ ਸੰਸਥਾ (ਐਸ.ਸੀ.ਈ.ਆਰ.ਟੀ.), ਪੰਜਾਬ, ਮੋਹਾਲੀ

STATE INSTITUTE OF SCIENCE EDUCATION (S.C.E.R.T.), PUNJAB, MOHALI

ਪੰਜਾਬ ਰਾਜ ਨਿਪੁੰਨਤਾ ਖੋਜ ਪ੍ਰੀਖਿਆ, 2015

Punjab State Talent Search Examination, 2015

# ਜਮਾਤ ਅੱਠਵੀਂ (Class VIII)

# MENTAL ABILITY AND SCHOLASTIC APTITUDE TEST

## ਮਾਨਸਿਕ ਯੋਗਤਾ ਅਤੇ ਵਿਸ਼ਿਆਂ ਦੀ ਯੋਗਤਾ ਦੀ ਪ੍ਰੀਖਿਆ

**Time : 3 hours** **Max. Marks : 180** **ਸਮਾਂ : 3 ਘੰਟੇ** **ਕੁੱਲ ਅੰਕ : 180**

**Instructions for candidates:-**

1. This exam is in two parts.
2. Part-I is related to Mental Ability Test.
3. Part-II related to Scholastic Aptitude Test. It consists of ten subjects. details of which are given below:-

| | | | |
|---|---|---|---|
| i) | Physics | ii) | Chemistry |
| iii) | Biology | iv) | Geography |
| v) | History | vi) | Civics |
| vii) | Mathematics | viii) | English |
| ix) | Hindi | x) | Punjabi |

4. Each question carries one mark. All questions are compulsory.
5. You have been provided with an answer sheet (OMR) for this question paper. Darken the correct option of each question in the answer sheet (OMR) with black/blue ink.
6. Rough work may be done on the provided blank space.
7. There is no negative marking in this question paper.
8. **Use of white fluid on OMR sheet is not allowed.**

**ਉਮੀਦਵਾਰਾਂ ਲਈ ਹਦਾਇਤਾਂ :**

1. ਇਹ ਪ੍ਰੀਖਿਆ ਦੋ ਭਾਗਾਂ ਵਿੱਚ ਹੈ।
2. ਪਹਿਲਾ ਭਾਗ ਮਾਨਸਿਕ ਯੋਗਤਾ ਨਾਲ ਸੰਬੰਧਤ ਹੈ।
3. ਦੂਜਾ ਭਾਗ ਵਿਸ਼ਿਆਂ ਦੀ ਯੋਗਤਾ ਨਾਲ ਸੰਬੰਧਤ ਹੈ। ਇਸ ਵਿੱਚ ਦਸ ਵਿਸ਼ੇ ਹਨ, ਜਿਨ੍ਹਾਂ ਦਾ ਵੇਰਵਾ ਹੇਠ ਦਿੱਤਾ ਹੈ–

| | | | |
|---|---|---|---|
| i) | ਭੌਤਿਕ ਵਿਗਿਆਨ | ii) | ਰਸਾਇਣ ਵਿਗਿਆਨ |
| iii) | ਜੀਵ ਵਿਗਿਆਨ | iv) | ਭੂਗੋਲ |
| v) | ਇਤਿਹਾਸ | vi) | ਨਾਗਰਿਕ ਸ਼ਾਸਤਰ |
| vii) | ਗਣਿਤ | viii) | ਅੰਗ੍ਰੇਜ਼ੀ |
| ix) | ਹਿੰਦੀ | x) | ਪੰਜਾਬੀ |

4. ਹਰ ਇੱਕ ਪ੍ਰਸ਼ਨ ਦਾ ਇੱਕ ਅੰਕ ਹੈ। ਸਾਰੇ ਪ੍ਰਸ਼ਨ ਜ਼ਰੂਰੀ ਹਨ।
5. ਤੁਹਾਨੂੰ ਇਸ ਪ੍ਰਸ਼ਨ ਪੱਤਰ ਲਈ ਉੱਤਰ ਸ਼ੀਟ ਦਿੱਤੀ ਗਈ ਹੈ। ਉੱਤਰ ਸ਼ੀਟ (ਓ ਐਮ ਆਰ) ਵਿੱਚ ਪ੍ਰਸ਼ਨ ਦੇ ਸਹੀ ਉੱਤਰ ਨੂੰ ਕਾਲੀ/ਨੀਲੀ ਸਿਆਹੀ ਨਾਲ ਭਰ ਕੇ ਦਰਸਾਓ।
6. ਕੱਚਾ ਕੰਮ ਦਿੱਤੀ ਗਈ ਖਾਲੀ ਥਾਂ ਤੇ ਕਰਨਾ ਹੈ।
7. ਇਸ ਪ੍ਰਸ਼ਨ ਪੱਤਰ ਵਿੱਚ ਰਿਣਾਤਮਕ (ਨੈਗੇਟਿਵ) ਮਾਰਕਿੰਗ ਨਹੀਂ ਹੈ।
8. **ਉੱਤਰ ਸ਼ੀਟ (OMR Sheet) ਤੇ ਵਾਈਟ ਫਲਿਊਡ ਦੀ ਵਰਤੋਂ ਦੀ ਮਨਾਹੀ ਹੈ।**

NMMS PSTSE Content : https://nmms.successadda.in/

# Rough Work / ਕੱਚਾ ਕੰਮ

# PART-I (MAT)

**ਨਿਰਦੇਸ਼-ਪ੍ਰਸ਼ਨ (1-4) ਵਿੱਚ ਅੰਕਾਂ ਦੀ ਲੜੀ ਦਿੱਤੀ ਗਈ ਹੈ ਖਾਲੀ ਥਾਂ ਭਰਨ ਲਈ ਦਿੱਤੇ ਗਏ ਚਾਰ ਵਿਕਲਪਾਂ ਵਿੱਚੋਂ ਸਹੀ ਵਿਕਲਪ ਦੀ ਚੋਣ ਕਰੋ।**

(1) 1, 9, 25, 49, 81, -

(1) 100 (2) 91 (3) 121 (4) 64

(2) 1, 5, 13, 25, 41, -

(1) 63 (2) 61 (3) 57 (4) 51

(3) 3, 5, 9, 17, 33, -

(1) 48 (2) 49 (3) 63 (4) 65

(4) 16, 33, 67, 135, -

(1) 271 (2) 251 (3) 289 (4) 259

**ਨਿਰਦੇਸ਼-ਪ੍ਰਸ਼ਨ (5-6) ਵਿੱਚ ਦਿੱਤੇ ਗਏ ਸ਼ਬਦਾਂ ਨੂੰ ਵਰਨਮਾਲਾ/ਸ਼ਬਦਕੋਸ਼ ਦੇ ਕ੍ਰਮ ਅਨੁਸਾਰ ਕਰੋ ਅਤੇ ਉਹ ਸ਼ਬਦ ਦੱਸੋ ਜੋ ਤੀਜੇ ਸਥਾਨ ਤੇ ਆਉਂਦਾ ਹੈ।**

(5) (1) Tennis (2) Tempest (3) Tender (4) Terminal

(6) (1) Wasp (2) Wrinkle (3) War (4) Waste

(7) ਜੇਕਰ A ਦਾ ਮਤਲਬ +, B ਦਾ ਮਤਲਬ X, C ਦਾ ਮਤਲਬ −, D ਦਾ ਮਤਲਬ + ਹੋਵੇ ਤਾਂ 6B8A7C12D4=?

1) 50 2) 55 3) 42 4) $\frac{43}{4}$

(8) ਜੇਕਰ '+' ਦਾ ਮਤਲਬ 'x', '-' ਦਾ ਮਤਲਬ ÷, 'x' ਦਾ ਮਤਲਬ '+' ਅਤੇ ÷ ਦਾ ਮਤਲਬ '-' ਹੋਵੇ ਤਾਂ 12x27-9+4÷2=?

1) 32 2) 22 3) 42 4) 52

**ਨਿਰਦੇਸ਼ ਪ੍ਰਸ਼ਨ (9-10) ਵਿੱਚ ਅੱਖਰਾਂ ਦੀ ਲੜੀ ਵਿੱਚ ਨਿਸ਼ਚਿਤ ਰੂਪ ਰੇਖਾ ਅਨੁਸਾਰ ਹੈ। ਇਸ ਰੂਪ ਰੇਖਾ ਨੂੰ ਪੂਰਾ ਕਰਨ ਲਈ ਖਾਲੀ ਸਥਾਨ ਸਹੀ ਵਿਕਲਪ ਦੀ ਚੋਣ ਕਰੋ**

(9) ba_cb_b_bab_

1) acbb 2) bcaa 3) cabb 4) bacc

(10) b_cb_c_b_bb_

1) bbbcc 2) bcbbb 3) cccbb 4) cbccc

(11) ਜੇਕਰ ਕਿਸੇ ਭਾਸ਼ਾ ਵਿੱਚ PINK ਦਾ ਕੋਡ QJOL ਹੋਵੇ ਤਾਂ ਉਸ ਭਾਸ਼ਾ ਵਿੱਚ BLUE ਦਾ ਕੋਡ ਕੀ ਹੋਵੇਗਾ?

1) CMUG 2) CKVF 3) CMVF 4) CLVF

(12) ਜੇਕਰ ਕਿਸੇ ਭਾਸ਼ਾ ਵਿੱਚ 'HKUJ' ਦਾ ਮਤਲਬ 'FISH' ਹੋਵੇ ਤਾਂ ਭਾਸ਼ਾ ਵਿੱਚ UVCD ਦਾ ਮਤਲਬ ਕੀ ਹੋਵੇਗਾ?

1) STAR 2) STAB 3) STAL 4) STAK

(13) ਜੇਕਰ ਫੁਟਬਾਲ ਨੂੰ ਹਾਕੀ, ਹਾਕੀ ਨੂੰ ਲੁਡੋ, ਲੁਡੋ ਨੂੰ ਬੈਟ, ਬੈਟ ਨੂੰ ਸ਼ਟਲ ਕਿਹਾ ਜਾਵੇ ਤਾਂ ਦੱਸੋ ਕ੍ਰਿਕਟ ਕਿਸ ਨਾਲ ਖੇਡੀ ਜਾਂਦੀ ਹੈ

1) ਬੈਟ 2) ਹਾਕੀ 3) ਸ਼ਟਲ 4) ਫੁੱਟਬਾਲ

(14) ਸੁਖਦੀਪ ਦਾ ਜਮਾਤ ਵਿੱਚ ਉਪਰਲੇ ਪਾਸੇ ਅਤੇ ਹੇਠਾਂ ਵਾਲੇ ਪਾਸੇ ਤੋਂ 21 ਵਾਂ ਸਥਾਨ ਹੈ। ਦੱਸੋ ਜਮਾਤ ਵਿੱਚ ਕੁਲ ਕਿੰਨੇ ਵਿਦਿਆਰਥੀ ਹਨ?

1) 41 2) 42 3) 43 4) 40

(15) ਜੇਕਰ ਕੋਈ ਵਿਅਕਤੀ ਕਿਸੇ ਬਿੰਦੂ ਤੋਂ ਚੱਲਕੇ, ਦੱਖਣ ਦਿਸ਼ਾ ਵਿੱਚ 4 ਕਿ.ਮੀ. ਜਾਂਦਾ ਹੈ, ਫਿਰ ਖੱਬੇ ਪਾਸੇ ਮੁੜਕੇ 2 ਕਿ.ਮੀ. ਜਾਂਦਾ ਹੈ ਅਤੇ ਦੁਬਾਰਾ ਆਪਣੇ ਸੱਜੇ ਪਾਸੇ ਮੁੜਕੇ 4 ਕਿ.ਮੀ. ਜਾਂਦਾ ਹੈ ਤਾਂ ਦੱਸੋ ਉਹ ਅੰਤ ਵਿੱਚ ਕਿਸ ਦਿਸ਼ਾ ਵਿੱਚ ਜਾ ਰਿਹਾ ਹੈ?

1) ਉੱਤਰ 2) ਪੱਛਮ 3) ਪੂਰਵ 4) ਦੱਖਣ

(16) ਜੇਕਰ P, Q ਦਾ ਪੁੱਤਰ ਹੋਵੇ ਅਤੇ R, P ਦਾ ਦਾਦਾ ਹੋਵੇ ਤਾਂ Q ਦਾ R ਨਾਲ ਕੀ ਰਿਸ਼ਤਾ ਹੋਵੇਗਾ?

1) ਦਾਦਾ 2) ਪੁੱਤਰ 3) ਪਿਤਾ 4) ਚਾਚਾ

(17) ਹੇਠ ਲਿਖੀ ਲੜੀ ਵਿੱਚ ਅੰਕ '9' ਕਿੰਨੀ ਵਾਰ ਆਉਂਦਾ ਹੈ, ਜਦੋਂ ਉਸ ਤੋਂ ਪਹਿਲਾਂ ਅੰਕ 8 ਅਤੇ ਬਾਅਦ ਵਿੱਚ ਅੰਕ 7 ਆਉਂਦਾ ਹੋਵੇ।

789765342 8972459297647

1) 2 2) 3 3) 4 4) 5

(18) ਹੇਠ ਲਿਖਿਆਂ ਵਿੱਚੋਂ ਕਿਹੜਾ ਸ਼ਬਦ 'NECESSARY' ਤੋਂ ਨਹੀਂ ਬਣਾਇਆ ਜਾ ਸਕਦਾ।

1) RACE 2) EASY 3) NICE 4) ESSAY


**ਨਿਰਦੇਸ਼-ਪ੍ਰਸ਼ਨ (19-21) ਵਿੱਚ ਕਿਹੜਾ ਵਿਕਲਪ ਬਾਕੀਆਂ ਨਾਲ ਮੇਲ ਨਹੀਂ ਖਾਂਦਾ।**

(19) 1) ਦਹੀਂ 2) ਪਨੀਰ 3) ਮੱਖਣ 4) ਤੇਲ

(20) 1) ABBC 2) WYYZ 3) PQQR 4) HIIJ

21) 1) 9, 11, 13 2) 3, 5, 7 3) 21, 22, 23 4) 15, 17, 19

**ਨਿਰਦੇਸ਼-ਪ੍ਰਸ਼ਨ (22-24) ਵਿੱਚ ਦਿੱਤੇ ਗਏ ਚਿੱਤਰ ਤੇ ਅਧਾਰਿਤ ਉੱਤਰ ਦਿਓ**




(22) ਅੰਕ 1 ਦੀ ਜਗ੍ਹਾ ਤੇ ਕਿਹੜਾ ਅੱਖਰ ਆਵੇਗਾ

1) F  2) E  3) G  4) C


(23) ਅੰਕ '2' ਦੀ ਜਗ੍ਹਾ ਕਿਹੜਾ ਅੱਖਰ ਆਵੇਗਾ

1) K  2) M  3) G  4) L

(24) ਅੰਕ '3' ਦੀ ਜਗ੍ਹਾ ਤੇ ਕਿਹੜਾ ਅੱਖਰ ਆਵੇਗਾ।

1) S  2) Q  3) P  4) O

**ਨਿਰਦੇਸ਼-ਪ੍ਰਸ਼ਨ (25 ਤੋਂ 27) ਦਿੱਤੇ ਗਏ ਚਿੱਤਰ ਤੇ ਅਧਾਰਿਤ ਹਨ। ਚਿੱਤਰ ਵਿੱਚ ਤਿੰਨ ਗੋਲਾਕਾਰ ਇੱਕ ਦੂਜੇ ਨੂੰ ਕੱਟਦੇ ਹਨ, ਹਰੇਕ ਗੋਲਾ ਭਿੰਨ-ਭਿੰਨ ਪ੍ਰਕਾਰ ਦੇ ਲੋਕਾਂ ਨੂੰ ਦਰਸਾਉਂਦਾ ਹੈ ਅਤੇ ਚਿੱਤਰ ਦੇ ਭਾਗਾਂ ਨੂੰ 'a' ਤੋਂ 'g' ਤੱਕ ਉਲੀਕਿਆ ਗਿਆ ਹੈ ਚਿੱਤਰ ਨੂੰ ਪੜ੍ਹ ਕੇ ਸਹੀ ਉੱਤਰ ਦੀ ਚੋਣ ਕਰੋ।**




(25) ਉਹ ਖੋ-ਖੋ ਖਿਡਾਰੀ ਜਿਹੜੇ ਹਾਕੀ ਖਿਡਾਰੀ ਵੀ ਹਨ, ਪਰ ਪੰਜਾਬੀ ਨਹੀਂ ਹਨ ਨੂੰ ਕਿਹੜਾ ਅੱਖਰ ਦਰਸਾਉਂਦਾ ਹੈ?

1) a  2) b  3) e  4) C

(26) ਉਹ ਹਾਕੀ ਖਿਡਾਰੀ ਜਿਹੜੇ ਨਾਂ ਤਾਂ ਪੰਜਾਬੀ ਹਨ ਅਤੇ ਨਾਂ ਹੀ ਖੋ-ਖੋ ਖਿਡਾਰੀ ਹਨ, ਨੂੰ ਕਿਹੜਾ ਅੱਖਰ ਦਰਸਾਉਂਦਾ ਹੈ?

1) f  2) e  3) b  4) g

(27) ਉਹ ਪੰਜਾਬੀ ਜਿਹੜੇ ਖੋ-ਖੋ ਖਿਡਾਰੀ ਹਨ, ਪਰ ਹਾਕੀ ਖਿਡਾਰੀ ਨਹੀਂ ਹਨ, ਨੂੰ ਕਿਹੜਾ ਅੱਖਰ ਦਰਸਾਉਂਦਾ ਹੈ?

1) c  2) d  3) f  4) b

**ਨਿਰਦੇਸ਼-ਪ੍ਰਸ਼ਨ (28 ਤੋਂ 30) ਵਿੱਚ ਇੱਕ ਪਰਿਵਾਰ ਦੇ ਪੰਜ ਮੈਂਬਰਾਂ ਵਿੱਚੋਂ ਜਿੰਮੀ ਸਭ ਤੋਂ ਵੱਡਾ ਹੈ ਅਤੇ ਅਨੀਸ਼ ਸਭ ਤੋਂ ਛੋਟਾ ਹੈ, ਗੌਰਵ, ਅਨੀਸ਼ ਤੋਂ ਵੱਡਾ ਹੈ। ਅਰਸ਼, ਊਧਮ ਤੋਂ ਵੱਡਾ ਹੈ, ਪਰ ਜਿੰਮੀ ਤੋਂ ਛੋਟਾ ਹੈ।**

(28) ਉਪਰੋਕਤ ਮੈਂਬਰਾਂ ਵਿੱਚੋ ਅਰਸ਼ ਤੋਂ ਛੋਟਾ ਪਰ ਗੌਰਵ ਤੋਂ ਵੱਡਾ ਕਿਹੜਾ ਮੈਂਬਰ ਹੈ?

1) ਜਿੰਮੀ  2) ਅਨੀਸ਼  3) ਗੌਰਵ  4) ਊਧਮ

(29) ਉਪਰੋਕਤ ਮੈਂਬਰਾਂ ਵਿੱਚੋ ਊਧਮ ਤੋਂ ਛੋਟਾ ਅਤੇ ਅਨੀਸ਼ ਤੋਂ ਵੱਡਾ ਕਿਹੜਾ ਮੈਂਬਰ ਹੈ?


1) ਅਰਸ਼  2) ਅਨੀਸ਼  3) ਗੌਰਵ  4) ਊਧਮ

(30) ਹੇਠ ਲਿਖੇ ਮੈਂਬਰਾਂ ਵਿੱਚੋ ਕਿਹੜਾ ਮੈਂਬਰ ਹੈ, ਜਿਹੜਾ ਅਰਸ਼ ਤੋਂ ਵੀ ਵੱਡਾ ਹੈ ਅਤੇ ਅਨੀਸ਼ ਤੋਂ ਵੀ ਵੱਡਾ ਹੈ?

1) ਜਿੰਮੀ  2) ਗੌਰਵ  3) ਊਧਮ  4) ਅਰਸ਼


**ਨਿਰਦੇਸ਼-ਪ੍ਰਸ਼ਨ (31-32) ਵਿੱਚ ਪ੍ਰਸ਼ਨ ਚਿੰਨ੍ਹ ਦੀ ਜਗ੍ਹਾ ਭਰੋ**

(31)




1) 60  2) 70  3) 74  4) 72

(32)




1) 9  2) 2  3) 3  4) 4

(33) ਦਿੱਤੇ ਗਏ ਚਿੱਤਰ ਵਿੱਚ ਕਿੰਨੀਆ ਤਿਕੋਣਾ ਹਨ-



1) 4  2) 6  3) 5  4) 7

(34) ਘੱਟਦੇ ਕ੍ਰਮ ਤੋਂ ਵੱਧਦੇ ਕ੍ਰਮ ਵਿੱਚ ਤਰਤੀਬ ਦਿਓ ਅਤੇ ਠੀਕ ਤਰਤੀਬ ਵਾਲਾ ਸਮੂਹ ਚੁਣੋ।

1) ਸੀਨੀਅਰ ਸੈਕੰਡਰੀ ਸਕੂਲ 2) ਮਿਡਲ ਸਕੂਲ

3) ਪ੍ਰਾਇਮਰੀ ਸਕੂਲ 4) ਹਾਈ ਸਕੂਲ

1) cdba 2) cbda 3) cabd 4) cadb

**ਨਿਰਦੇਸ਼-ਪ੍ਰਸ਼ਨ (35-36) ਵਿੱਚ ਨਿਸ਼ਾਨ :: ਦੇ ਖੱਬੇ ਪਾਸੇ ਦੇ ਅੰਕਾਂ/ਅੱਖਰਾਂ ਵਿੱਚ ਇੱਕ ਸੰਬੰਧ ਸਥਾਪਿਤ ਹੈ। ਨਿਸ਼ਾਨ :: ਦੇ ਸੱਜੇ ਪਾਸੇ ਦੇ ਜੋੜਿਆਂ ਵਿੱਚ ਵੀ ਉਹ ਸੰਬੰਧ ਸਥਾਪਿਤ ਕਰਦੇ ਹੋਏ, ਦਿੱਤੇ ਗਏ ਵਿਕਲਪਾਂ ਵਿੱਚੋਂ ਸਹੀ ਵਿਕਲਪ ਦੀ ਚੋਣ ਕਰੋ।**

(35) ABC : CBA :: PQR : ?

1) RQP 2) QRP 3) RPQ 4) STR

(36) 42 : 56 :: 110 :?

1) 144 2) 136 3) 132 4) 156

**ਨਿਰਦੇਸ਼-ਪ੍ਰਸ਼ਨ (37-38) ਵਿੱਚ ਪਹਿਲੇ ਤਿੰਨਾਂ ਵਿੱਚ ਸੰਬੰਧ ਅਨੁਸਾਰ ਪ੍ਰਸ਼ਨ ਚਿੰਨ੍ਹ ਦੀ ਜਗ੍ਹਾ ਕੀ ਆਵੇਗਾ?**

(37) 3x4x5 =12

2x4x7=13

6x4x5=15

8x6x3=?

1) 15 2) 14 3) 18 4) 17

(38) 3+5+6=48

5+2+6=42


8+3+4=44

9+3+6=?

1) 60 2) 72 3) 84 4) 46

(39) ਸਾਹਮਣੇ ਦਿੱਤੇ ਗਏ ਚਿੱਤਰ ਵਿੱਚ ਕਿਨੇ ਵਰਗ ਹਨ?

1) 9 2) 10 3) 14 4) 16




(40) ਸਾਹਮਣੇ ਦਿੱਤੇ ਗਏ ਚਿੱਤਰ ਵਿੱਚ ਕਿੰਨੀਆਂ ਸਿੱਧੀਆਂ ਰੇਖਾਵਾਂ ਹਨ?

1) 8 2) 9 3) 10 4) 14


**ਨਿਰਦੇਸ਼-ਪ੍ਰਸ਼ਨ (41-42) ਵਿੱਚ ਅਧੂਰਾ ਚਿੱਤਰ ਪੂਰਾ ਕਰੋ**


(41)




1)  2)  3)  4) 


(42)




1)  2)  3)  4) 


**ਨਿਰਦੇਸ਼-ਪ੍ਰਸ਼ਨ (43-44) ਵਿੱਚ ਪਾਣੀ ਵਿੱਚ ਵੇਖਣ ਤੇ ਪ੍ਰਸ਼ਨ ਚਿੱਤਰ ਕਿਹੋ ਜਿਹਾ ਦਿਖਾਈ ਦੇਵੇਗਾ, ਉੱਤਰ ਚਿੱਤਰਾਂ ਵਿੱਚੋ ਲੱਭੋ**



(43)



1)  2)  3)  4) 


(44)




1)  2)  3)  4) 

**ਨਿਰਦੇਸ਼-ਪ੍ਰਸ਼ਨ (45-46) ਵਿੱਚ ਸ਼ੀਸ਼ੇ ਵਿੱਚ ਵੇਖਣ ਤੇ ਪ੍ਰਸ਼ਨ ਚਿੱਤਰ ਕਿਹੋ ਜਿਹਾ ਦਿਖਾਈ ਦੇਵੇਗਾ, ਉੱਤਰ ਚਿੱਤਰਾਂ ਵਿਚੋਂ ਲੱਭੋ**

(45)




(46)




**ਨਿਰਦੇਸ਼ -ਪ੍ਰਸ਼ਨ (47-48) ਵਿੱਚ ਕਿਹੜਾ ਚਿੱਤਰ ਬਾਕੀ ਦੇ ਚਿੱਤਰਾਂ ਤੋਂ ਭਿੰਨ ਹੈ?**

(47)




(48)




(49) ਪ੍ਰਸ਼ਨ ਚਿੱਤਰ ਵਿੱਚ ਦਿੱਤੇ ਗਏ ਚਿੱਤਰਾਂ ਤੋਂ ਬਾਅਦ ਲਗਾਤਾਰਤਾ ਵਿੱਚ ਉੱਤਰ ਚਿੱਤਰਾਂ ਵਿੱਚੋ ਕਿਹੜਾ ਚਿੱਤਰ ਆਵੇਗਾ?

**ਪ੍ਰਸ਼ਨ ਚਿੱਤਰ**




**ਉੱਤਰ ਚਿੱਤਰ**




(50) ਦਿੱਤਾ ਗਿਆ ਪ੍ਰਸ਼ਨ ਚਿੱਤਰ, ਉੱਤਰ ਚਿੱਤਰਾਂ ਵਿਚੋਂ ਕਿਹੜੇ ਚਿੱਤਰ ਵਿੱਚ ਛੁਪਿਆ (ਲੁਕਿਆ) ਹੋਇਆ ਹੈ?

**ਪ੍ਰਸ਼ਨ ਚਿੱਤਰ**



**ਉੱਤਰ ਚਿੱਤਰ**



51. ਉਹ ਬਲ ਜੋ ਕਿਸੇ ਗਤੀਸ਼ੀਲ ਵਸਤੂ ਦੇ ਉਲਟ ਦਿਸ਼ਾ ਵਿੱਚ ਲਗਦਾ ਹੈ?
1) ਸਥਿਰ ਬਿਜਲਈ ਬਲ
2) ਰਗੜ ਬਲ
3) ਚੁੰਬਕੀ ਬਲ
4) ਪੇਸ਼ੀ ਬਲ

52. ਉਹ ਬਲ ਜੋ ਇੱਕ ਚਾਰਜਿਤ ਗੁਬਾਰੇ ਨੂੰ ਕੰਧ ਨਾਲ ਚਿਪਕਾ ਕੇ ਰੱਖਦਾ ਹੈ?
1) ਸਥਿਰ ਚਾਰਜਿਤ ਬਲ
2) ਚੁੰਬਕੀ ਬਲ
3) ਰਗੜ ਬਲ
4) ਗੁਰੂਤਵੀ ਬਲ

53. ਧੁਨੀ ਹੇਠ ਲਿਖੇ ਕਿਸ ਮਾਧਿਅਮ ਵਿੱਚੋਂ ਸੰਚਾਰ ਨਹੀਂ ਕਰਦੀ?
1) ਠੋਸ
2) ਦ੍ਰਵ
3) ਗੈਸ
4) ਖਲਾਅ

54. ਡੋਲਨ ਕਰ ਰਹੀ ਵਸਤੂ ਦੁਆਰਾ ਪ੍ਰਤੀ ਸੈਕਿੰਡ ਹੋਣ ਵਾਲੀਆਂ ਡੋਲਨਾਂ ਦੀ ਸੰਖਿਆ ਨੂੰ ਕੀ ਕਿਹਾ ਜਾਂਦਾ ਹੈ?
1) ਤੀਬ੍ਰਤਾ
2) ਪਿੱਚ
3) ਆਯਾਮ
4) ਆਵ੍ਰਿਤੀ

55. ਘੜੀ ਨੂੰ ਚਾਬੀ ਦਿੱਤੇ (ਨਪੀੜੇ ਹੋਏ) ਸਪਰਿੰਗ ਕੋਲ ਕਿਹੜੀ ਊਰਜਾ ਹੁੰਦੀ ਹੈ?
1) ਯੰਤਰਿਕ ਊਰਜਾ
2) ਸਿਰਫ ਗਤਿਜ ਊਰਜਾ
3) ਸਿਰਫ ਸਥਿਤਿਜ ਊਰਜਾ
4) ਤਾਪ ਊਰਜਾ

56. ਕਿਸੇ ਚਾਰਜਿਤ ਵਸਤੂ ਤੋਂ ਚਾਰਜ ਨੂੰ ਧਰਤੀ ਵਿੱਚ ਭੇਜਣ ਦੀ ਪ੍ਰਕਿਰਿਆ ਨੂੰ ਕੀ ਕਹਿੰਦੇ ਹਨ?
1) ਭੋਂ-ਸੰਪਰਕਨ
2) ਬਿਜਲੀ ਦਰਸ਼ੀ
3) ਆਕਾਸ਼ੀ ਬਿਜਲੀ
4) ਬਿਜਲੀ ਵਿਸਰਜਨ



NMMS PSTSE Content : https://nmms.successadda.in/

57. ਹੇਠ ਲਿਖੇ ਪਦਾਰਥਾਂ ਵਿੱਚੋਂ ਕਿਹੜਾ ਪਦਾਰਥ ਬਿਜਲੀ ਦਾ ਸੁਚਾਲਕ ਨਹੀਂ ਹੈ?

1) ਕਾਪਰ

2) ਐਲੂਮੀਨੀਅਮ

3) ਰਬੜ

4) ਪਾਰਾ

58. ਜਦੋਂ ਸਫੈਦ ਪ੍ਰਕਾਸ਼ ਇੱਕ ਪ੍ਰਿਜ਼ਮ ਵਿੱਚੋਂ ਲੰਘਦਾ ਹੈ ਤਾਂ ਇਹ ਆਪਣੇ ਸੰਘਟਕ ਰੰਗਾਂ ਵਿੱਚ ਵਿਭਾਜਿਤ ਹੋ ਜਾਂਦਾ ਹੈ। ਇਸ ਪ੍ਰਕਿਰਿਆ ਨੂੰ ਕੀ ਕਿਹਾ ਜਾਂਦਾ ਹੈ?

1) ਪ੍ਰਕਾਸ਼ ਦਾ ਪਰਾਵਰਤਨ

2) ਪ੍ਰਕਾਸ਼ ਦਾ ਵਿਖੇਪਨ

3) ਪ੍ਰਕਾਸ਼ ਦਾ ਅਪਵਰਤਨ

4) ਪ੍ਰਕਾਸ਼ ਦਾ ਪਾਸਾ ਪਰਾਵਰਤਨ

59. ਸਮਤਲ ਦਰਪਣ ਦੁਆਰਾ ਬਣਾਇਆ ਗਿਆ ਪ੍ਰਤੀਬਿੰਬ

1) ਅਭਾਸੀ, ਦਰਪਣ ਦੇ ਪਿੱਛੇ ਅਤੇ ਵੱਡਾ ਹੁੰਦਾ ਹੈ।

2) ਅਭਾਸੀ, ਦਰਪਣ ਦੇ ਪਿੱਛੇ ਅਤੇ ਵਸਤੂ ਦੇ ਆਕਾਰ ਦੇ ਬਰਾਬਰ ਹੁੰਦਾ ਹੈ।

3) ਵਾਸਤਵਿਕ, ਦਰਪਣ ਦੇ ਤਲ ਉਤੇ ਅਤੇ ਵੱਡਾ ਹੁੰਦਾ ਹੈ।

4) ਵਾਸਤਵਿਕ, ਦਰਪਣ ਦੇ ਪਿੱਛੇ ਅਤੇ ਵਸਤੂ ਦੇ ਆਕਾਰ ਦੇ ਬਰਾਬਰ ਹੁੰਦਾ ਹੈ।

60. ਮਨੁੱਖੀ ਅੱਖ ਦਾ ਕਿਹੜਾ ਭਾਗ ਅੰਦਰ ਜਾਣ ਵਾਲੀ ਰੋਸ਼ਨੀ ਨੂੰ ਨਿਯੰਤਰਿਤ ਕਰਦਾ ਹੈ?

1) ਰੈਟੀਨਾ

2) ਕੋਰਨੀਆ

3) ਪਿਯੂਪਿਲ

4) ਆਈਰਸ

61. ਉਹ ਗ੍ਰਹਿ ਜਿਸ ਦਾ ਵਿਆਸ ਸਭ ਤੋਂ ਜਿਆਦਾ ਹੈ?

1) ਪ੍ਰਿਥਵੀ

2) ਬ੍ਰਹਿਸਪਤੀ

3) ਸ਼ਨੀ

4) ਮੰਗਲ

62. ਭੋਜਨ ਵਿੱਚ ਵਿਟਾਮਿਨ ਏ (A) ਦੀ ਕਮੀ ਕਰਕੇ ਅੱਖਾਂ ਵਿੱਚ ਕਿਹੜਾ ਰੋਗ ਪੈਦਾ ਹੋ ਸਕਦਾ ਹੈ?

1) ਅੰਧਰਾਤਾ

2) ਨਿਕਟ ਦ੍ਰਿਸ਼ਟੀ ਰੋਗ

3) ਦੂਰ ਦ੍ਰਿਸ਼ਟੀ ਰੋਗ

4) ਮੋਤੀਆ

63. ਹੇਠ ਲਿਖਿਆਂ ਵਿੱਚੋਂ ਕਿਸ ਤੱਤ (Element) ਨੂੰ ਚਾਕੂ ਨਾਲ ਕੱਟਿਆ ਜਾ ਸਕਦਾ ਹੈ?

1) ਆਕਸੀਜਨ

2) ਲੋਹਾ

3) ਸੋਡੀਅਮ

4) ਕਾਪਰ

64. ਨਿਮਨ ਵਿੱਚੋਂ ਕਿਹੜਾ ਫਾੱਸਿਲ ਬਾਲਣ (Fossil Fuel) ਨਹੀਂ ਹੈ?

1) ਕੋਲਾ

2) ਕੋਲ ਗੈਸ

3) ਬਾਇਓ ਗੈਸ

4) ਪੈਟਰੋਲੀਅਮ।

65. ਪੈੱਟ (PET) ਇੱਕ ------ ਹੈ।

1) ਪਾੱਲੀਐਸਟਰ

2) ਪਾੱਲੀਈਥੀਨ

3) ਪਾੱਲੀਐਮਾਈਡ

4) ਮੈਲਾਮਾਈਨ

66. ਪੈਟ੍ਰੋਲੀਅਮ ਦੀ ਕਿਹੜੀ ਉਪਜ ਸੜਕ ਨਿਰਮਾਣ ਲਈ ਵਰਤੀ ਜਾਂਦੀ ਹੈ?

1) ਪੈਰਾਫਿਨ ਮੋਮ

2) ਡੀਜਲ

3) ਮਿੱਟੀ ਦਾ ਤੇਲ

4) ਬਿਟੂਮਿਨ

67. ਇੱਕ ਕੁਦਰਤੀ ਬਹੁਲਕ ਦਾ ਨਾਂ ਦੱਸੋ।

1) ਸੈਲੂਲੋਜ਼

2) ਨਾਈਲੋਨ

3) ਪਾੱਲੀਥੀਨ

4) ਪਾੱਲੀਐਸਟਰ

68. ਹੇਠ ਲਿਖਿਆ ਵਿੱਚੋਂ ਕਿਸ ਬਾਲਣ ਦਾ ਕੈਲੋਰੀ ਮੁੱਲ ਸਭ ਤੋਂ ਵੱਧ ਹੈ ?

1) ਮੀਥੇਨ

2) ਐਲ.ਪੀ.ਜੀ. (L.P.G.)

3) ਪੈਟ੍ਰੋਲ

4) ਹਾਈਡਰੋਜਨ

69. ਹੇਠ ਲਿਖੇ ਪਦਾਰਥਾਂ ਵਿੱਚੋਂ ਕਿਹੜੇ ਪਦਾਰਥ ਜੈਵ ਨਿਮਨੀਕ੍ਰਿਤ ਹਨ?

1) ਕਪਾਹ ਦੇ ਬਣੇ ਥੈਲੇ

2) ਕੱਚ ਦਾ ਗਿਲਾਸ

3) ਪਲਾਸਟਿਕ ਦੇ ਖਿਡੌਣੇ

4) ਬਿਜਲੀ ਦੇ ਸਵਿੱਚ



NMMS PSTSE Content : https://nmms.successadda.in/

70. ਪੈਟ੍ਰੋਲੀਅਮ ਦੀ ਸੁਧਾਈ ਤੋਂ ਨਿਮਨ ਵਿੱਚੋਂ ਕੀ ਪ੍ਰਾਪਤ ਨਹੀ ਹੁੰਦਾ।
1) ਪੈਰਾਫਿਨ ਮੋਮ
2) ਮਸ਼ੀਨੀ ਤੇਲ
3) ਬਿਟੁਮਿਨ
4) ਕੋਕ

71. ਧਾਤਾਂ ਦੇ ਖੋਰਣ ਲਈ ਕਿਹੜੀਆਂ ਮੁੱਖ ਸ਼ਰਤਾਂ ਹਨ?
1) ਹਾਈਡ੍ਰੋਜਨ ਅਤੇ ਨਮੀ
2) ਆਕਸੀਜਨ ਅਤੇ ਨਮੀ
3) ਨਮੀ
4) ਨਾਈਟਰੋਜਨ ਅਤੇ ਨਮੀ

72. ਨਿਮਨ ਵਿੱਚੋਂ ਕਿਸ ਦਾ ਸੁਭਾਅ ਖਾਰੀ ਹੁੰਦਾ ਹੈ?
1) MgO
2) $CO_2$
3) $SO_2$
4) $NO_2$

73. ਕਾਪਰ ਕਾਰਬੋਨੇਟ ਦਾ ਰਸਾਇਣਿਕ ਸੂਤਰ ਦੱਸੋ।
1) $CuCO_3$
2) $CuCO_2$
3) $Cu(CO_3)_3$
4) $Cu(CO_3)_2$

74. ਮਨੁੱਖੀ ਸਰੀਰ ਵਿੱਚ ਮਾਸਟਰ ਗ੍ਰੰਥੀ ਕਿਹੜੀ ਹੈ ਜੋ ਦਿਮਾਗ ਨਾਲ ਜੁੜੀ ਹੁੰਦੀ ਹੈ?
1) ਜਿਗਰ
2) ਪਿਊਸ਼ ਗ੍ਰੰਥੀ
3) ਲਾਰ ਗ੍ਰੰਥੀ
4) ਥਾਈਰਾਈਡ ਗ੍ਰੰਥੀ

75. ਕਿਹੜੇ ਸੈਲ ਵਿੱਚ ਇੱਕ ਵੱਡੀ ਕੇਂਦਰੀ ਰਸਦਾਨੀ ਹੁੰਦੀ ਹੈ?
1) ਜੰਤੂ ਸੈਲ
2) ਜੀਵਾਣੂ ਸੈਲ
3) ਪੌਦਾ ਸੈਲ
4) ਕੇਂਦਰਕ

76. ਸਿਟਰਸ ਕੈਂਕਰ ਨਾਂ ਦਾ ਰੋਗ ਕਿਸ ਸੂਖਮ ਜੀਵ ਕਾਰਨ ਹੁੰਦਾ ਹੈ?
1) ਉੱਲੀ
2) ਜੀਵਾਣੂ
3) ਵਿਸ਼ਾਣੂ
4) ਪ੍ਰੋਟੋਜੋਆ

77. ਛੋਟੀ ਆਂਦਰ ਦੀ ਅੰਦਰਲੀ ਭਿੱਤੀ ਉੱਤੇ ਉਂਗਲੀ ਵਰਗੇ ਉਭਾਰਾਂ ਨੂੰ ਕੀ ਕਹਿੰਦੇ ਹਨ?
1) ਮੂੰਹ-ਖੋੜ
2) ਅਭਾਸੀ ਪੈਰ
3) ਰਸ - ਅੰਕੁਰ
4) ਰੂਮੈਨ

78. ਬਹੁਤ ਜਿਆਦਾ ਕਸਰਤ ਕਰਨ ਸਮੇਂ ਪੇਸ਼ੀਆਂ ਵਿੱਚ ਕਿਹੜੇ ਪਦਾਰਥ ਦੇ ਇਕੱਠੇ ਹੋਣ ਨਾਲ ਥਕਾਵਟ ਹੁੰਦੀ ਹੈ?
1) ਲੈਕਟਿਕ ਐਸਿਡ
2) ਹਾਈਡਰੋਕਲੋਰਿਕ ਐਸਿਡ
3) ਅਲਕੋਹਲ
4) ਕਾਰਬਨ ਡਾਈਆਕਸਾਈਡ

79. ਛਿਪਕਲੀ ਦੇ ਮੱਲ ਪਦਾਰਥ ਵਿੱਚ ਕਿਹੜਾ ਯੋਗਿਕ ਮੁੱਖ ਰੂਪ ਵਿੱਚ ਹੁੰਦਾ ਹੈ?
1) ਅਮੋਨੀਆ
2) ਲੈੱਡ
3) ਯੂਰੀਆ
4) ਯੂਰਿਕ ਐਸਿਡ

80. ਇਸਤਰੀਆਂ ਵਿੱਚ ਜੋਬਨ ਆਰੰਭ ਹੁੰਦੇ ਹੀ ਅੰਡ ਕੋਸ਼ ਕਿਹੜਾ ਹਾਰਮੋਨ ਪੈਦਾ ਕਰਦੇ ਹਨ?
1) ਟੈਸਟੋਸਟੀਰੋਨ
2) ਥਾਈਰਾਕਸਿਨ
3) ਐਸਟ੍ਰੋਜਨ
4) ਇੰਸੁਲਿਨ

81. ਮਲੇਰੀਆ ----------- ਦੁਆਰਾ ਫੈਲਦਾ ਹੈ।
1) ਪ੍ਰੋਟੋਜ਼ੋਆ
2) ਵਿਸ਼ਾਣੂ
3) ਉੱਲੀ
4) ਜੀਵਾਣੂ

82. ਬੇ-ਲੋੜੇ ਅਤੇ ਅਣਬੀਜੇ ਪੌਦਿਆਂ ਨੂੰ ਖੇਤ ਵਿੱਚੋਂ ਬਾਹਰ ਕੱਢਣ ਦੀ ਪ੍ਰਕਿਰਿਆ ਨੂੰ ਕੀ ਕਹਿੰਦੇ ਹਨ?
1) ਵਾਢੀ
2) ਸਿੰਚਾਈ
3) ਗੋਡੀ
4) ਗਹਾਈ

83. ਚੀਕਣੀ ਅਤੇ ਮੈਰਾ ਮਿੱਟੀ ਹੇਠ ਲਿਖੀਆਂ ਕਿਹੜੀਆਂ ਫਸਲਾਂ ਲਈ ਢੁਕਵੀਆਂ ਹੁੰਦੀਆਂ ਹਨ?
1) ਮਸਰ ਅਤੇ ਦਾਲਾਂ ਲਈ



NMMS PSTSE Content : https://nmms.successadda.in/

2) ਮੂੰਗੀ ਦੀ ਦਾਲ ਲਈ
3) ਕਪਾਹ ਦੇ ਲਈ
4) ਕਣਕ ਅਤੇ ਛੋਲਿਆਂ ਲਈ

84. ਹੇਠ ਲਿਖਿਆਂ ਵਿੱਚੋਂ ਕਿਹੜੇ ਅੰਗਾਂ ਨਾਲ ਗੰਡੋਇਆਂ ਵਿੱਚ ਸਾਹ ਕਿਰਿਆ ਹੁੰਦੀ ਹੈ।
1) ਚਮੜੀ ਰਾਹੀਂ
2) ਫੇਫੜਿਆਂ ਰਾਹੀਂ
3) ਗਲਫੜਿਆਂ ਰਾਹੀਂ
4) ਸਾਹ ਨਲੀਆਂ ਰਾਹੀਂ

85. ਹੇਠ ਲਿਖੇ ਕਥਨਾਂ ਵਿੱਚੋਂ ਕਿਹੜਾ <u>ਕਥਨ ਸਹੀ ਨਹੀਂ</u> ਹੈ।
1) ਇੱਕ ਸੈਲੀ ਜੀਵਾਂ ਵਿੱਚ ਇੱਕ ਹੀ ਸੈਲ ਹੁੰਦਾ ਹੈ।
2) ਪੇਸ਼ੀ ਸੈਲਾਂ ਵਿੱਚ ਸ਼ਾਖਾਵਾਂ ਹੁੰਦੀਆਂ ਹਨ।
3) ਅਮੀਬਾ ਦੀ ਆਕ੍ਰਿਤੀ ਅਨਿਯਮਿਤ ਹੁੰਦੀ ਹੈ।
4) ਸੈਲ ਦੇ ਤਿੰਨ ਮੁੱਖ ਭਾਗ ਹੁੰਦੇ ਹਨ।

86. ਕਿਹੜੇ ਉਦਯੋਗ ਨੂੰ ਆਧੁਨਿਕ ਉਦਯੋਗ ਦੀ ਰੀੜ ਦੀ ਹੱਡੀ ਕਿਹਾ ਜਾਂਦਾ ਹੈ?
1) ਖੰਡ ਉਦਯੋਗ
2) ਸੀਮਿੰਟ ਉਦਯੋਗ
3) ਲੋਹਾ ਇਸਪਾਤ ਉਦਯੋਗ
4) ਕਾਗਜ ਉਦਯੋਗ

87. ਤਾਪ ਮੰਡਲ ਅਤੇ ਸਮਤਾਪ ਮੰਡਲ ਵਿੱਚ ਪਾਈ ਜਾਂਦੀ ਪਰਤ ਨੂੰ ਕੀ ਕਹਿੰਦੇ ਹਨ?
1) ਅਸ਼ਾਂਤੀ ਮੰਡਲ
2) ਮੱਧਵਰਤੀ ਮੰਡਲ
3) ਆਇਨ ਮੰਡਲ
4) ਬਾਹਰੀ ਮੰਡਲ

88. ਜੌਂ, ਬਾਜਰਾ, ਦਾਲਾਂ ਦੀ ਖੇਤੀ ਮਾਰੂਥਲੀ ਮਿੱਟੀ ਵਿੱਚ ਕੀਤੀ ਜਾਂਦੀ ਹੈ ਕਿਉਂਕਿ
1) ਇਨ੍ਹਾਂ ਨੂੰ ਜੈਵਿਕ ਮਾਦਾ ਜਿਆਦਾ ਚਾਹੀਦਾ ਹੈ।
2) ਇਨ੍ਹਾਂ ਨੂੰ ਘੱਟ ਉਪਜਾਊ ਤੱਤਾਂ ਦੀ ਲੋੜ ਹੁੰਦੀ ਹੈ।
3) ਇਨ੍ਹਾਂ ਨੂੰ ਵੱਧ ਨਮਕਾਂ ਦੀ ਲੋੜ ਹੁੰਦੀ ਹੈ।
4) ਇਨ੍ਹਾਂ ਨੂੰ ਜਿਆਦਾ ਪਾਣੀ ਦੀ ਜਰੂਰਤ ਨਹੀਂ ਹੁੰਦੀ।

89. ਸੰਸਾਰ ਵਿੱਚ ਸੋਨਾ ਪੈਦਾ ਕਰਨ ਵਾਲਾ ਮੋਹਰੀ ਦੇਸ਼ ਕਿਹੜਾ ਹੈ?
1) ਦੱਖਣੀ ਅਫਰੀਕਾ
2) ਯੂ.ਐਸ.ਏ.
3) ਭਾਰਤ
4) ਚੀਨ

90. ਕੋਲੇ ਦੀ ਸਭ ਤੋਂ ਵਧੀਆਂ ਅਤੇ ਘਟੀਆ ਕਿਸਮ ਦਾ ਜੋੜਾ ਕਿਹੜਾ ਹੈ?
1) ਐਥਰੇਸਾਈਟ-ਬਿਟੁਮੀਨਸ
2) ਬਿਟੁਮੀਨਸ-ਲਿਗਨਾਈਟ
3) ਐਥਰੇਸਾਈਟ-ਪੀਟ
4) ਲਿਗਨਾਈਟ-ਪੀਟ

91. ਭਾਰਤ ਵਿੱਚ ਜਨਗਣਨਾ ਕਿੰਨੇ ਸਾਲਾਂ ਬਾਅਦ ਕੀਤੀ ਜਾਂਦੀ ਹੈ?
1) 10 ਸਾਲ
2) 20 ਸਾਲ
3) 30 ਸਾਲ
4) 40 ਸਾਲ

92. ਮੁਕਾਬਲਤਨ, ਕਿਹੜੀ ਫਸਲ ਪੈਦਾ ਕਰਨ ਲਈ ਪਾਣੀ ਦੀ ਜਿਆਦਾ ਮਾਤਰਾ ਦੀ ਲੋੜ ਹੁੰਦੀ ਹੈ?
1) ਕਣਕ
2) ਮੱਕੀ
3) ਬਾਜਰਾ
4) ਚਾਵਲ

93. ਧਰਤੀ ਆਪਣੀ ਧੁਰੀ ਦੁਆਲੇ ਕਿਸ ਦਿਸ਼ਾ ਵਿੱਚ ਘੁੰਮਦੀ ਹੈ?
1) ਉੱਤਰ ਤੋਂ ਦੱਖਣ
2) ਪੂਰਬ ਤੋਂ ਪੱਛਮ
3) ਪੱਛਮ ਤੋਂ ਪੂਰਬ
4) ਦੱਖਣ ਤੋਂ ਉੱਤਰ

94. ਸਰਕਾਰ ਅਤੇ ਪ੍ਰਾਈਵੇਟ ਲੋਕਾਂ ਦੁਆਰਾ ਲਗਾਏ ਉਦਯੋਗ ਕਿਹੜੇ ਹੁੰਦੇ ਹਨ?
1) ਸਹਿਕਾਰੀ ਉਦਯੋਗ
2) ਬਹੁ-ਦੇਸੀ ਉਦਯੋਗ
3) ਸਰਕਾਰੀ ਉਦਯੋਗ
4) ਸਾਂਝੇ ਖੇਤਰ ਦੇ ਉਦਯੋਗ

95. ਭੂ-ਮੱਧ ਸਾਗਰ ਅਤੇ ਲਾਲ ਸਾਗਰ ਨੂੰ ਕਿਹੜਾ ਜਲਮਾਰਗ ਮਿਲਾਉਂਦਾ ਹੈ?
1) ਕੇਪ ਮਾਰਗ
2) ਸੁਏਜ ਨਹਿਰ ਮਾਰਗ
3) ਉੱਤਰੀ ਅੰਧ ਮਹਾਸਾਗਰ ਮਾਰਗ
4) ਪਨਾਮਾ ਨਹਿਰ ਮਾਰਗ

96. ਤੇਲੰਗਾਨਾ ਦੀ ਰਾਜਧਾਨੀ ਦਾ ਨਾਂ ਦੱਸੋ।



NMMS PSTSE Content : https://nmms.successadda.in/

1) ਹੈਦਰਾਬਾਦ
2) ਅਮਰਾਵਤੀ
3) ਵਾਰੰਗਲ
4) ਨਿਜ਼ਾਮਾਬਾਦ

97. ਪੰਜਾਬ ਨੂੰ ਅੰਗਰੇਜ਼ੀ ਸਾਮਰਾਜ ਵਿੱਚ ਕਿਹੜੇ ਸਾਲ ਵਿੱਚ ਸ਼ਾਮਿਲ ਕੀਤਾ ਗਿਆ ਸੀ?
1) 1845 ਈ.
2) 1846 ਈ.
3) 1848 ਈ.
4) 1849 ਈ.

98. ਲਾਰਡ ਕਾਰਨਵਾਲਿਸ ਨੇ ਪੰਜਾਬ ਵਿੱਚ ਕਿਹੜਾ ਪ੍ਰਬੰਧ ਲਾਗੂ ਕੀਤਾ ਸੀ?
1) ਸਥਾਈ ਬੰਦੋਬਸਤ
2) ਇਜ਼ਾਰੇਦਾਰੀ ਪ੍ਰਬੰਧ
3) ਮਹਿਲਵਾੜੀ ਪ੍ਰਬੰਧ
4) ਰਈਅਤਵਾੜੀ ਪ੍ਰਬੰਧ

99. ਲੈਪਸ ਦੀ ਨੀਤੀ ਕਿਸ ਅੰਗਰੇਜ਼ ਅਧਿਕਾਰੀ ਨੇ ਸ਼ੁਰੂ ਕੀਤੀ ਸੀ?
1) ਲਾਰਡ ਵਾਰਨਹੇਸ਼ਟਿੰਗਜ਼
2) ਲਾਰਡ ਡਲਹੌਜੀ
3) ਲਾਰਡ ਕਲਾਈਵ
4) ਲਾਰਡ ਕਰਜ਼ਨ

100. 1893 ਈ. ਵਿੱਚ ਮਹਾਤਮਾ ਗਾਂਧੀ ਜੀ ਕਿਹੜੇ ਦੇਸ਼ ਵਿੱਚ ਗਏ ਸਨ?
1) ਇੰਗਲੈਂਡ
2) ਅਮਰੀਕਾ
3) ਦੱਖਣੀ ਅਫਰੀਕਾ
4) ਜਾਪਾਨ

101. ਆਜ਼ਾਦੀ ਦੀ ਪ੍ਰਾਪਤੀ ਤੋਂ ਬਾਅਦ ਭਾਰਤ ਵਿੱਚ ਦੇਸੀ ਰਿਆਸਤਾਂ ਦੀ ਗਿਣਤੀ ਕਿੰਨੀ ਸੀ?
1) 550
2) 552
3) 542
4) 562

102. ਸਾਰਕ ਦੀ ਸਥਾਪਨਾ ਕਿਹੜੇ ਸਾਲ ਵਿੱਚ ਹੋਈ ਸੀ?
1) 1885 ਈ.
2) 1905 ਈ.
3) 1985 ਈ.
4) 2014 ਈ.

103. ਭਾਰਤ ਵਿੱਚ ਸੂਤੀ ਕੱਪੜੇ ਦਾ ਪਹਿਲਾ ਉਦਯੋਗ ਕਦੋਂ ਲਗਾਇਆ ਗਿਆ?
1) 1877 ਈ.
2) 1853 ਈ.
3) 1852 ਈ.
4) 1879 ਈ.

104. ਮਹਾਕਾਵਿ ਕਾਲ ਵਿੱਚ ਦਿੱਲੀ ਨੂੰ ਕਿਹੜੇ ਨਾਮ ਨਾਲ ਜਾਣਿਆ ਜਾਂਦਾ ਸੀ?
1) ਜਹਾਂਬਾਦ
2) ਇੰਦਰਪ੍ਰਸਥ
3) ਢਿੱਲੀਕਾ
4) ਸੇਕੀਆ

105. ਬੰਗਾਲ ਦੀ ਵੰਡ ਕਿਸਨੇ ਕੀਤੀ?
1) ਲਾਰਡ ਕਰਜਨ
2) ਲਾਰਡ ਰਿਪਨ
3) ਲਾਰਡ ਮਾਊਂਟਬੈਟਨ
4) ਲਾਰਡ ਕਾਰਨਵਾਲਿਸ

106. ਗਦਰ ਪਾਰਟੀ ਦੀ ਸਥਾਪਨਾ ਕਦੋਂ ਹੋਈ?
1) 1914 ਈ.
2) 1923 ਈ.
3) 1929 ਈ.
4) 1913 ਈ.

107. ਇਲਬਰਟ ਬਿਲ ਦਾ ਵਿਰੋਧ ਕਿਨ੍ਹਾਂ ਨੇ ਕੀਤਾ?
1) ਅੰਗਰੇਜਾਂ ਨੇ
2) ਭਾਰਤੀਆਂ ਨੇ
3) ਡੱਚ ਲੋਕਾਂ ਨੇ
4) ਫਰਾਂਸੀਸੀਆਂ ਨੇ

108. ਦਿੱਲੀ ਵਿਖੇ ਕੇਂਦਰੀ ਅਸੈਂਬਲੀ ਹਾਲ ਵਿੱਚ ਬੰਬ ਸੁੱਟਣ ਤੋਂ ਬਾਅਦ ਭਗਤ ਸਿੰਘ ਦੇ ਨਾਲ ਕਿਸ ਹੋਰ ਦੇਸ਼ ਭਗਤ ਨੇ ਗ੍ਰਿਫਤਾਰੀ ਦਿੱਤੀ?
1) ਰਾਜਗੁਰੂ
2) ਸੁਖਦੇਵ
3) ਨਰੈਨ ਦਾਸ
4) ਬਟੁਕੇਸ਼ਵਰ

109. ਧਰਮ ਨਿਰਪੱਖਤਾ ਕਿਸ ਦੇਸ਼ ਦੇ ਸੰਵਿਧਾਨ ਦੀ ਅਨੋਖੀ ਵਿਸ਼ੇਸਤਾ ਹੈ?

1) ਅਮਰੀਕਾ ਦੇ ਸੰਵਿਧਾਨ ਦੀ
2) ਭਾਰਤ ਦੇ ਸੰਵਿਧਾਨ ਦੀ
3) ਚੀਨ ਦੇ ਸੰਵਿਧਾਨ ਦੀ
4) ਪਾਕਿਸਤਾਨ ਦੇ ਸੰਵਿਧਾਨ ਦੀ

110. ਜਾਤ, ਧਰਮ, ਰੰਗ ਤੇ ਨਸਲ ਦੇ ਆਧਾਰ ਤੇ ਵਿਤਕਰਾ ਨਾ ਕਰਨਾ, ਕਿਸ ਤਰ੍ਹਾਂ ਦੇ ਨਿਆਂ ਅਧੀਨ ਆਉਂਦਾ ਹੈ?

1) ਸਮਾਜਿਕ ਨਿਆਂ
2) ਆਰਥਿਕ ਨਿਆਂ
3) ਰਾਜਨੀਤਿਕ ਨਿਆਂ
4) ਧਾਰਮਿਕ ਨਿਆਂ

111. ਪ੍ਰਸਤਾਵਨਾ ਨੂੰ ਭਾਰਤੀ ਸੰਵਿਧਾਨ ਵਿੱਚ ਕਿੱਥੇ ਲਿਖਿਆ ਗਿਆ ਹੈ?

1) ਮੱਧ ਵਿੱਚ
2) ਅੰਤ ਵਿੱਚ
3) ਆਰੰਭ ਵਿੱਚ
4) ਮੌਲਿਕ ਅਧਿਕਾਰਾਂ ਵਿੱਚ

112. ਮੌਲਿਕ ਅਧਿਕਾਰਾਂ ਦਾ ਰੱਖਿਅਕ ਕੌਣ ਹੈ?

1) ਵਿਧਾਨ ਸਭਾ
2) ਨਿਆਂਪਾਲਿਕਾ
3) ਰਾਜ ਸਭਾ
4) ਵਿਧਾਨ ਪ੍ਰੀਸ਼ਦ

113. ਭਾਰਤੀ ਸੰਵਿਧਾਨ ਦਾ ਕਿਹੜਾ ਅਨੁਛੇਦ ਭਾਰਤੀ ਨਾਗਰਿਕਾਂ ਨੂੰ ਵੱਧ ਤੋਂ ਵੱਧ ਸੁਤੰਤਰਤਾਵਾਂ ਦਿੰਦਾ ਹੈ?

1) ਅਨੁਛੇਦ 14
2) ਅਨੁਛੇਦ 25
3) ਅਨੁਛੇਦ 32
4) ਅਨੁਛੇਦ 19

114. ਕਾਰਜਪਾਲਿਕਾ ਤੇ ਵਿਧਾਨਪਾਲਿਕਾ ਵਿੱਚ ਡੂੰਘਾ ਸੰਬੰਧ ਕਿਸ ਪ੍ਰਕਾਰ ਦੀ ਸ਼ਾਸਨ ਪ੍ਰਣਾਲੀ ਵਿੱਚ ਹੁੰਦਾ ਹੈ?

1) ਸੰਸਦੀ ਸ਼ਾਸਨ ਪ੍ਰਣਾਲੀ
2) ਸੰਘਾਤਮਕ ਸ਼ਾਸਨ ਪ੍ਰਣਾਲੀ
3) ਤਾਨਾਸ਼ਾਹੀ ਸ਼ਾਸਨ ਪ੍ਰਣਾਲੀ
4) ਪ੍ਰਧਾਨਗੀ ਸ਼ਾਸਨ ਪ੍ਰਣਾਲੀ

115. ਭਾਰਤ ਦਾ ਰਾਸ਼ਟਰਪਤੀ ਲੋਕ ਸਭਾ ਤੇ ਰਾਜ ਸਭਾ ਵਿੱਚ ਕਿੰਨੇ ਮੈਂਬਰ ਨਾਮਜਦ ਕਰ ਸਕਦਾ ਹੈ?

1) ਲੋਕ ਸਭਾ 2, ਰਾਜ ਸਭਾ 12
2) ਲੋਕ ਸਭਾ 7, ਰਾਜ ਸਭਾ 13
3) ਲੋਕ ਸਭਾ 12, ਰਾਜ ਸਭਾ 2
4) ਲੋਕ ਸਭਾ 3, ਰਾਜ ਸਭਾ 17

116. ਜਨਹਿੱਤ ਮੁਕੱਦਮਾ ਕੌਣ ਦਾਇਰ ਕਰ ਸਕਦਾ ਹੈ?

1) ਸਿਰਫ ਸਰਕਾਰੀ ਵਕੀਲ
2) ਸਿਰਫ ਪੁਲਿਸ ਅਧਿਕਾਰੀ
3) ਸਿਰਫ ਮੁੱਖ ਮੰਤਰੀ
4) ਕੋਈ ਵੀ ਵਿਅਕਤੀ

117. ਜਿਲ੍ਹਾ ਪੱਧਰ ਦੀ ਅਦਾਲਤ ਹੈ–

1) ਸਰਵ ਉੱਚ ਅਦਾਲਤ
2) ਉੱਚ ਅਦਾਲਤ
3) ਸੈਸ਼ਨ ਜੱਜ ਦੀ ਅਦਾਲਤ
4) ਲੋਕ ਅਦਾਲਤ

118. ਭਾਰਤ ਨੇ ਸੰਸਦੀ ਢਾਂਚਾ ਕਿਸ ਦੇਸ਼ ਤੋਂ ਲਿਆ ਹੈ?

1) ਅਮਰੀਕਾ ਤੋਂ
2) ਇੰਗਲੈਂਡ ਤੋਂ
3) ਜਾਪਾਨ ਤੋਂ
4) ਆਇਰਲੈਂਡ ਤੋਂ

119. ਸਕੂਲਾਂ ਵਿੱਚ ਦੁਪਹਿਰ ਦਾ ਖਾਣਾ ਕਿਸ ਸਕੀਮ ਅਧੀਨ ਦਿੱਤਾ ਜਾ ਰਿਹਾ ਹੈ?

1) ਸਰਵ ਸਿੱਖਿਆ ਅਭਿਆਨ ਸਕੀਮ ਅਧੀਨ
2) ਯੂ.ਐਨ.ਓ. (U.N.O.) ਦੀ ਸਕੀਮ ਅਧੀਨ
3) ਭਾਰਤ ਸਰਕਾਰ ਦੀ ਭਲਾਈ ਸਕੀਮ ਅਧੀਨ
4) ਉਪਰੋਕਤ ਸਾਰੀਆਂ ਸਕੀਮਾਂ ਅਧੀਨ

120. ਡਾ.ਬੀ.ਆਰ.ਅੰਬੇਦਕਰ ------

1) ਸੰਵਿਧਾਨ ਸਭਾ ਦੇ ਮੁਖੀ ਸਨ
2) ਪਹਿਲੇ ਸਿੱਖਿਆ ਮੰਤਰੀ ਸਨ
3) ਮਨੁੱਖੀ ਅਧਿਕਾਰ ਕਮਿਸ਼ਨ ਦੇ ਮੁਖੀ ਸਨ
4) ਸੰਵਿਧਾਨ ਦੀ ਮਸੌਦਾ ਕਮੇਟੀ ਦੇ ਪ੍ਰਧਾਨ ਸਨ



NMMS PSTSE Content : https://nmms.successadda.in/

121. ਸੰਖਿਆ 5 ਦੇ ਗੁਣਾਤਮਕ ਉਲਟ (Multiplicative Inverse) ਅਤੇ ਜੋੜਾਤਮਕ ਉਲਟ (Additive Inverse) ਦਾ ਜੋੜ ਕੀ ਹੋਵੇਗਾ?

1) $-\frac{1}{5}$ 2) -25
3) $-\frac{24}{5}$ 4) $\frac{24}{5}$

122. ਇੱਕ ਪਾਸੇ ਨੂੰ ਸੁੱਟਣ ਤੇ ਇੱਕ ਜਿਸਤ ਅਭਾਜ ਸੰਖਿਆ (Evenprime No.) ਪ੍ਰਾਪਤ ਹੋਣ ਦੀ ਸੰਭਾਵਨਾ (Probability) ਕੀ ਹੋਵੇਗੀ?

1) $\frac{1}{3}$ 2) $\frac{1}{2}$
3) $\frac{5}{6}$ 4) $\frac{1}{6}$

123. ਉਹ ਛੋਟੀ ਤੋਂ ਛੋਟੀ ਪੂਰਨ ਵਰਗ ਸੰਖਿਆ (Perfect Square No.) ਪਤਾ ਕਰੋ ਜੋ ਕਿ ਸੰਖਿਆਵਾਂ 3, 4, 5 ਅਤੇ 6 ਨਾਲ ਪੂਰੀ-ਪੂਰੀ ਵੰਡੀ ਜਾਵੇ।
1) 3600 2) 60
3) 900 4) 360

124. ਹੇਠਾਂ ਕਿਸੇ ਸ਼ਹਿਰ ਦਾ 10 ਦਿਨਾਂ ਦਾ ਨਿਊਨਤਮ ਤਾਪਮਾਨ ($^{\circ}$C ਵਿੱਚ) ਦਿੱਤਾ ਗਿਆ ਹੈ।
-3, -6, -8, -2, 0, 2, 5, 4, 4, 3
ਇਹਨਾਂ ਅੰਕੜਿਆਂ ਦੀ ਵਿਚਲਨ ਸੀਮਾ (Range) ਪਤਾ ਕਰੋ।
1) $8^{\circ}$C 2) $13^{\circ}$C
3) $10^{\circ}$C 4) $12^{\circ}$C

125. ਜੇਕਰ ABCD ਇੱਕ ਸਮਾਂਤਰ ਚਤੁਰਭੁਜ (Parallelogram) ਵਿੱਚ AB||CD ਹੋਵੇ ਤਾਂ $\angle A - \angle C$ ਦਾ ਮੁੱਲ ਪਤਾ ਕਰੋ।
1) $90^{\circ}$ 2) $180^{\circ}$
3) $45^{\circ}$ 4) $0^{\circ}$

126. ਇੱਕ ਕੈਂਪ ਵਿੱਚ 300 ਵਿਅਕਤੀਆਂ ਲਈ 42 ਦਿਨਾਂ ਦਾ ਭੋਜਨ ਹੈ। 10 ਦਿਨ ਬੀਤ ਜਾਣ ਤੇ 100 ਹੋਰ ਵਿਅਕਤੀ ਉਸ ਕੈਂਪ ਵਿੱਚ ਸ਼ਾਮਿਲ ਹੋ ਗਏ। ਦੱਸੋ ਹੁਣ ਉਹੀ ਭੋਜਨ ਕਿੰਨੇ ਦਿਨ ਚੱਲੇਗਾ?

1) $31\frac{1}{2}$ ਦਿਨ 2) 24 ਦਿਨ

3) 32 ਦਿਨ 4) 42 ਦਿਨ

127. 'a' ਦਾ ਮੁੱਲ ਪਤਾ ਕਰੋ ਜੇਕਰ $9a=76^2-67^2$ ਹੋਵੇ।
1) 143 2) 243
3) 100 4) 1287

128. 9 ਵਸਤੂਆਂ ਦਾ ਵੇਚ ਮੁੱਲ 15 ਵਸਤੂਆਂ ਦੇ ਖਰੀਦ ਮੁੱਲ ਦੇ ਬਰਾਬਰ ਹੈ। ਇਸ ਸੌਦੇ ਵਿੱਚ ਲਾਭ ਜਾਂ ਹਾਨੀ ਪ੍ਰਤੀਸ਼ਤ ਕਿੰਨਾ ਹੋਵੇਗਾ?


1) $66\frac{2}{3}$ % ਲਾਭ 2) $66\frac{2}{3}$ % ਹਾਨੀ

3) $66\frac{1}{3}$ % ਲਾਭ 4) $66\frac{1}{3}$ ਹਾਨੀ

129. ਇੱਕ ਸਮਾਂਤਰ ਚਤੁਰਭੁਜ (Parallel gram) ਦੀਆਂ ਲਾਗਵੀਆਂ ਭੁਜਾਵਾਂ (adjacent) ਵਿੱਚੋਂ ਇੱਕ ਭੁਜਾ ਦੀ ਲੰਬਾਈ ਦੂਜੀ ਭੁਜਾ ਤੋਂ ਦੁੱਗਣੀ ਹੈ। ਜੇਕਰ ਇਸ ਦਾ ਪਰਿਮਾਪ (Perimeter) 30 ਸਮ ਹੋਵੇ ਤਾਂ ਇਸ ਦੀਆਂ ਲਾਗਵੀਆਂ ਭੁਜਾਵਾਂ ਦੀ ਲੰਬਾਈ ਪਤਾ ਕਰੋ।
1) 6 ਸਮ, 12 ਸਮ 2) 5 ਸਮ, 10 ਸਮ
3) 4 ਸਮ, 8 ਸਮ 4) 5.5 ਸਮ, 11 ਸਮ


130. ਦੋ ਤਿਕੋਣਾਂ ABC ਅਤੇ DEF ਵਿੱਚ, ਭੁਜਾ AB= ਭੁਜਾ FD, $\angle A = \angle F$ ਅਤੇ ਭੁਜਾ AC = ਭੁਜਾ EF ਹੈ। ਇਸ ਜਾਣਕਾਰੀ ਤੋਂ ਹੇਠ ਲਿਖਿਆਂ ਵਿਚੋਂ ਕਿਹੜਾ ਸਿੱਟਾ ਨਿਕਲਦਾ ਹੈ?
1) $\Delta ABC \cong \Delta DEF$ 2) $\Delta BAC \cong \Delta DEF$
3) $\Delta ABC \cong \Delta FDE$ 4) $\Delta BAC \cong \Delta FDE$

131. ਦਿੱਤੇ ਚਿੱਤਰ ਵਿੱਚ $l$ ਅਤੇ $m$ ਦੋ ਸਮਾਂਤਰ ਰੇਖਾਵਾਂ ਹਨ ਅਤੇ $p$ ਇੱਕ ਕਾਟਵੀਂ ਰੇਖਾ ਹੈ। ਜੇਕਰ $\angle 1 = 70^{\circ}$ ਹੋਵੇ ਤਾਂ x ਦਾ ਮੁੱਲ ਪਤਾ ਕਰੋ।




1) $70^{\circ}$ 2) $120^{\circ}$
3) $90^{\circ}$ 4) $110^{\circ}$

132. ਦਿੱਤੇ ਚਿੱਤਰ ਵਿੱਚ $x$ ਦਾ ਮੁੱਲ ਪਤਾ ਕਰੋ।




1) 23 ਸਮ 2) 17 ਸਮ
3) 7 ਸਮ 4) 17.5 ਸਮ

133. $\frac{25x5^2xt^8}{10^3xt^4}$ ਦਾ ਸਰਲ ਰੂਪ ਲਿਖੋ।

1) 25t 2) $\frac{5t^4}{8}$

3) $5t^4$ 4) $25t^{12}$

134. ਜੇਕਰ $21y^5$ ਸੰਖਿਆ 9 ਨਾਲ ਭਾਗ ਹੁੰਦੀ ਹੈ ਤਾਂ y ਦਾ ਮੁੱਲ ਪਤਾ ਕਰੋ।
1) 2 2) 3
3) 1 4) 4

135. ਸਮਭੁਜੀ ਤ੍ਰਿਭੁਜ ਦਾ ਹਰੇਕ ਕੋਣ -------- ਹੁੰਦਾ ਹੈ।
1) $180^{\circ}$ 2) $90^{\circ}$
3) $60^{\circ}$ 4) $30^{\circ}$

136. $\frac{6}{13}$ ਨੂੰ $-\frac{7}{16}$ ਦੇ ਉਲਟ ਕ੍ਰਮ ਨਾਲ ਗੁਣਾ ਕਰਨ ਤੇ ਗੁਣਨਫਲ ਕੀ ਹੋਵੇਗਾ?

1) $-\frac{91}{96}$
2) $-\frac{96}{91}$
3) $-\frac{42}{208}$
4) $-\frac{208}{42}$

137. $(a^2) \times (2a^{22}) \times (4a^{-26})$ ਦਾ ਗੁਣਨਫਲ ਪਤਾ ਕਰੋ?

1) $8a^{50}$
2) $8a^2$
3) $8a^0$
4) $8a^{-2}$

138. 3x0.3x0.03x0.003x30 ਦਾ ਮੁੱਲ ਪਤਾ ਕਰੋ?

1) 0.000243
2) 0.00243
3) 0.0243
4) 0.243

139. ਇੱਕ ਸ਼ਹਿਰ ਵਿੱਚ 35% ਔਰਤਾਂ, 45% ਮਰਦ ਅਤੇ ਬਾਕੀ ਬੱਚੇ ਹਨ। ਬੱਚਿਆਂ ਦਾ ਪ੍ਰਤੀਸ਼ਤ ਕਿੰਨਾ ਹੋਵੇਗਾ?

1) 20%
2) 25%
3) 30%
4) 35%

140. ਇੱਕ ਬਹੁਤਲ ਦੇ 30 ਕਿਨਾਰੇ (Edges) ਅਤੇ 12 ਫਲਕ (Faces) ਹਨ। ਇਸਦੇ ਸਿਖਰਾਂ (Vertices) ਦੀ ਗਿਣਤੀ ਪਤਾ ਕਰੋ।

1) 20
2) 15
3) 18
4) 42

**Q. 141-145 Read the following passage and answer the questions that follow:**

Wilson was surprised when feathers began to grow all over his body. He was so frightened that he wanted to cry. He began to chirp instead. He had changed into a bird.

All of a sudden, a net fell over him. He was caught by a giant. He chirped loudly for help. "This bird sings well", said the giant. He put Wilson into a bird cage and hung it on a high pole in the garden. Suddenly, the string snapped and the cage fell.

Wilson awoke and found himself on the floor beside his bed. He was only having a bad dream. Immediately he released his pet bird from its cage.

141. Wilson dreamt that he was a ____________.

1) Feather
2) Bird
3) Giant
4) Cage

142. Wilson began chirping, but actually he was ____________.

1) Crying
2) Singing
3) Laughing
4) Coughing

143. The giant caught Wilson in the ____________.

1) Pole
2) Cage
3) String
4) Net

144. Why was Wilson lying on the floor?

1) The bird cage fell.
2) He could not fly.
3) He fell from his bed.
4) The giant threw him down.

145. Why did Wilson set his pet bird free?

1) He was angry with the bird.
2) He felt sorry for the bird.
3) He was afraid of the bird.
4) He did not like the bird.

**Q. 146-150 Choose the suitable option.**

146. We stopped at the crossroad because the ____________ light was red.

1) Candle
2) Lamp
3) Traffic
4) Covered

147. A soldier wears a green ____________.

1) Suit
2) Costume
3) Uniform
4) Robe

148. We always have a ____________ at night.

1) Breakfast
2) Heavy meal
3) Lunch
4) Brunch

149. David wears a ____________ around his waist.

1) Belt
2) Scarf
3) Chain
4) Tie

150. A carpenter uses a ____________ to knock the nails.

1) Saw
2) Spende



NMMS PSTSE Content : https://nmms.successadda.in/

3) Axe    4) Hammer

**151-152 Choose the correct antonym for the underlined words.**

151. Robin is my Friend.
   1) Enemy    2) Nephew
   3) Relative    4) Cousin

152. Amit has lost his Parker Pen.
   1) Changed    2) Gained
   3) Found    4) Bought

**153-154 Fill in the blanks with suitable pronouns choosing from the options given below:**

153. She cooks for____________ every day.
   1) herself    2) himself
   3) themselves    4) myself

154. Does ___________ know that I was absent?
   1) her    2) they
   3) me    4) she

## कक्षा आठवीं

**प्र. 155 – 161 निम्नलिखित गद्यांश को पढ़कर पूछे गए प्रश्नों के सही उत्तर वाले विकल्प चुनिए:**

व्यायाम वह गतिविधि है जो शरीर को स्वस्थता प्रदान करने के साथ - साथ स्वास्थ्य को बढ़ाती भी है। व्यायाम कई प्रकार के हो सकते हैं। खेल - कूद, कवायद दंड - बैठक, जिम्नास्टिक, योगाभ्यास, दौड़, तैराकी आदि व्यायाम के अनेक प्रकार हैं जिन्हें हरेक व्यक्ति अपनी अवस्था और आवश्यकतानुसार और रूचि के अनुसार कर सकता है। कुछ लोग किसी मित्र, पड़ोसी, सहपाठी अथवा किसी के भी द्वारा सलाह देने से व्यायाम करना शुरू कर देते हैं। यह उचित नही है। व्यायाम करने का भी ढंग होता है जिसे करते समय सदैव कुछ सावधानियाँ ध्यान में रखनी पड़ती हैं। पहली सावधानी यह है कि व्यायाम उम्र, समय और अपनी शारीरिक क्षमतानुसार करना चाहिए। दूसरी यह कि व्यायाम का चुनाव करके उसको मात्रा के अनुसार ही करना चाहिए। तीसरी यह कि यह शुद्ध वायु, प्रकाश और खुली जगह पर करना चाहिए और अंतिम सावधानी यह है कि इसे किसी योग्य प्रशिक्षक से करना चाहिए बालक बालिकाओं के लिए तो दौड़ना एक बहुत उपयोगी व्यायाम है। इससे शरीर के निचले भाग की और मध्य भाग की मांसपेशियाँ मज़बूत बनती है। आलस्य व्यायाम के मार्ग में सबसे बड़ी रूकावट है। आलस्य के कारण सैर न करने से खाना नहीं पचता और शरीर में रक्त का संचार नहीं होता और फलस्वरूप शरीर कमज़ोर बन जाता है। अत: शरीर को फुर्तीला बनाने और मस्तिष्क को स्वस्थ बनाने के लिए व्यायाम करना आवश्यक है।

प्र० 155 व्यायाम करने के लिए किसकी सलाह मान लेनी चाहिए?
   1) मित्र
   2) पड़ोसी
   3) योग्य प्रशिक्षक
   4) सहपाठी

**प्र० 156 व्यायाम करने के लिए पहली सावधानी क्या रखनी चाहिए?**
   1) उचित चुनाव करके उसकी सही मात्रा के अनुसार व्यायाम करें।
   2) किसी के समझा देने से ही व्यायाम करें।
   3) उचित मात्रा के अनुसार व्यायाम करें।
   4) उम्र, समय और अपनी शारीरिक क्षमतानुसार व्यायाम करें।

**प्र० 157 दौड़ से बालक – बालिकाओं को क्या लाभ होता है?**
   1) शरीर के ऊपरी भाग की मांसपेशियाँ मज़बूत होती हैं।
   2) शरीर के निचले और मध्य भाग की मांसपेशियाँ मज़बूत होती हैं।
   3) शरीर के निचले भाग की मांसपेशियाँ मज़बूत होती हैं।
   4) शरीर के मध्य भाग की मांसपेशियाँ मज़बूत होती हैं।

**प्र० 158 निम्नलिखित में से कौन सा तथ्य सही नहीं है?**
   1) व्यायाम से शरीर फुर्तीला बनता है।
   2) व्यायाम से शरीर बलशाली बनता है।
   3) व्यायाम से शरीर बलहीन बनता है।
   4) व्यायाम से मांसपेशियाँ मज़बूत बनती हैं।

**प्र० 159 इस गद्यांश का उपयुक्त शीर्षक है –**
   1) काम करने के लाभ
   2) व्यायाम के लाभ
   3) खेलों के प्रकार
   4) व्यायाम के मार्ग में सबसे बड़ी रूकावट : आलस्य

**प्र० 160 – 161 निम्नलिखित प्रश्नों के सही उत्तर वाले विकल्प चुनिए :**

प्र० 160 एकवचन शब्द 'सावधानी' का बहुवचन रूप क्या होगा?

1) सावधानीयाँ
2) सावधानिएं
3) सावधानियाँ
4) सावधानीयाएं

प्र० 161 निम्नलिखित में से कौन सा शब्द 'हवा' का पर्यायवाची नहीं है?

1) पवन
2) समीर
3) वायु
4) अनल

प्र० 162 – 167 निम्नलिखित गद्यांश को पढ़कर पूछे गए प्रश्नों के सही उत्तर वाले विकल्प चुनिए:

भाषा राष्ट्रीय एकता का प्रतीक है। भाषा के बिना हम निकटस्थ व्यक्तियों को भी नहीं बुला सकते, किन्तु भाषा ही एकमात्र साधन नहीं है, जो राष्ट्र में एकता स्थापित करती है। अतः हमें भाषा की साधना करते हुए अन्य साधनों की उपेक्षा नहीं करनी चाहिए। भाषा की आवाज़ उठाते समय प्रादेशिकता और साम्प्रदायिकता की भावना से हमें बचना चाहिए। अच्छा तो यही होगा कि हम भाषा को कल्याण – स्थापन करने वाली माता के समान समझें। जिस प्रकार गृह – परिवार में माता कल्याण स्थापन करती है, वैसे ही भाषा भी हमें मिलाती है। जिस प्रकार सच्ची माता संतानों में भेदभावों को दूर किए बिना नहीं रह सकती, उसी प्रकार सच्ची राष्ट्रभाषा और सच्चा साहित्य भी अपनी संतान का भेद – विभेद दूर किए बिना नहीं रह सकता।

प्र० 162 राष्ट्रीय एकता का प्रतीक क्या है?

1) साहित्य
2) भाषा
3) समाज
4) व्यक्ति

प्र० 163 इस गद्यांश में भाषा को किसके समान समझने की बात कही गयी है?

1) कल्याणी माता के समान
2) साम्प्रदायिकता फैलानी वाली के समान।
3) गृह – स्वामिनी के समान।
4) प्रादेशिकता की आवाज़ उठाने वाली के समान।

प्र० 164 इस गद्यांश के अनुसार भाषा किसमें सहायक हैं?

1) निकट व्यक्तियों के हित में।
2) व्यक्तियों के हित में।
3) राष्ट्र हित में।
4) गृह – परिवार के हित में।

प्र० 165 – 167 निम्नलिखित प्रश्नों के सही उत्तर वाले विकल्प चुनिए:

प्र० 165 निम्नलिखित में से कौन सा शब्द भाववाचक संज्ञा नहीं है?

1) एकता
2) प्रादेशिकता
3) साम्प्रदायिकता
4) सच्ची

प्र० 166 'परिवार' शब्द व्याकरणिक दृष्टि से क्या है?

1) क्रिया
2) संज्ञा
3) विशेषण
4) सर्वनाम

प्र० 167 'हम' शब्द का एकवचन रूप होगा?

1) मैं
2) हमें
3) हमारी
4) हमारा

## ਪੰਜਾਬੀ

168-173 ਹੇਠ ਲਿਖੇ ਪੈਰੇ ਨੂੰ ਧਿਆਨ ਨਾਲ ਪੜ੍ਹੋ ਅਤੇ ਦਿੱਤੇ ਗਏ ਪ੍ਰਸ਼ਨਾ ਦੇ ਉੱਤਰ ਪੈਰੇ ਅਨੁਸਾਰ ਦਿਉ:-

ਗੁਰੂ ਨਾਨਕ ਦੇਵ ਜੀ, ਗੁਰੂ ਅੰਗਦ ਦੇਵ ਜੀ, ਗੁਰੂ ਅਮਰਦਾਸ ਜੀ, ਗੁਰੂ ਰਾਮਦਾਸ ਜੀ, ਗੁਰੂ ਅਰਜਨ ਦੇਵ ਜੀ ਅਤੇ ਬਾਬਾ ਫਰੀਦ ਜੀ ਨੇ ਬਾਣੀ ਰਚੀ ਹੈ। ਗੁਰੂ ਅਰਜਨ ਦੇਵ ਜੀ ਨੇ ਗੁਰੂ ਗ੍ਰੰਥ ਸਾਹਿਬ ਦਾ ਸੰਪਾਦਨ ਕਰਨ ਵੇਲੇ ਇਹਨਾਂ ਗੁਰੂਆਂ ਤੇ ਬਾਬਾ ਫਰੀਦ ਦੀ ਬਾਣੀ ਤੋਂ ਇਲਾਵਾ ਭਗਤ ਜੈ ਦੇਵ, ਭਗਤ ਧੰਨਾ



NMMS PSTSE Content : https://nmms.successadda.in/

ਜੀ, ਭਗਤ ਨਾਮਦੇਵ, ਭਗਤ ਕਬੀਰ, ਭਗਤ ਬੇਣੀ ਜੀ ਦੀ ਰਚਨਾ ਨੂੰ ਆਦਿ ਗ੍ਰੰਥ ਸਾਹਿਬ ਵਿਚ ਸ਼ਾਮਿਲ ਕੀਤਾ। ਗੁਰੂ ਜੀ ਨੇ ਗੁਰੂ ਗ੍ਰੰਥ ਸਾਹਿਬ ਦੀ ਲਿਖਾਈ ਦੀ ਸੇਵਾ ਕਰਨ ਵਾਲੇ ਭਾਈ ਗੁਰਦਾਸ ਜੀ ਦੀਆਂ ਵਾਰਾਂ ਨੂੰ ਗੁਰੂ ਸਾਹਿਬ ਦੀ ਕੁੰਜੀ ਕਹਿ ਕੇ ਸਨਮਾਨਿਆ ਹੈ। ਗੁਰੂ ਸਾਹਿਬ ਦੇ ਸਮੇਂ ਕੰਨੜ, ਤੇਲਗੂ, ਬੰਗਾਲੀ ਭਾਸ਼ਾਵਾਂ ਪ੍ਰਚਲਿੱਤ ਸਨ ਪਰ ਗੁਰੂ ਅਰਜਨ ਦੇਵ ਜੀ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਉਸ ਸਮੇਂ ਦੀਆਂ ਪ੍ਰਚਲਿੱਤ ਭਾਸ਼ਾਵਾ ਵਿਚੋਂ ਬ੍ਰਿਜ ਭਾਸ਼ਾ, ਰੇਖਤਾ, ਹਿੰਦੋਸਤਾਨੀ, ਗਾਥਾ, ਸਹਸਕ੍ਰਿਤੀ, ਪੰਜਾਬੀ ਤੇ ਲਹਿੰਦੀ ਭਾਸ਼ਾ ਵਿਚ ਦਰਜ ਹੈ। ਆਦਿ ਗ੍ਰੰਥ ਵਿਚ ਦਰਜ ਬਾਣੀ 30 ਰਾਗਾਂ ਵਿਚ ਹੈ। ਗੁਰੂ ਨਾਨਕ ਦੇਵ ਜੀ ਦੀ ਬਾਣੀ 'ਜਪੁਜੀ ਸਾਹਿਬ' ਤੇ 'ਆਸਾ ਦੀ ਵਾਰ', ਗੁਰੂ ਅਮਰਦਾਸ ਦੀ ਬਾਣੀ 'ਅਨੰਦ ਸਾਹਿਬ', ਅਤੇ ਗੁਰੂ ਅਰਜਨ ਦੇਵ ਜੀ ਦੀ ਬਾਣੀ 'ਸੁਖਮਨੀ ਸਾਹਿਬ' ਆਦਿ ਬਾਣੀਆਂ ਨੂੰ ਪੰਜਾਬੀਆਂ ਨੇ ਆਪਣੀ ਰੋਜ਼ਮਰਾ ਜ਼ਿੰਦਗੀ ਦਾ ਅੰਗ ਬਣਾਇਆ ਹੈ।

168 ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਕਿਸ ਗੁਰੂ ਸਾਹਿਬ ਨੇ ਕੀਤੀ!

1) ਗੁਰੂ ਅਮਰਦਾਸ ਜੀ ਨੇ
2) ਗੁਰੂ ਨਾਨਕ ਦੇਵ ਜੀ ਨੇ
3) ਗੁਰੂ ਅਰਜਨ ਦੇਵ ਜੀ ਨੇ
4) ਭਗਤ ਨਾਮਦੇਵ ਨੇ

169 ਸ੍ਰੀ ਗੁਰੂ ਅਰਜਨ ਦੇਵ ਜੀ ਨੇ ਕਿਸ ਭਾਸ਼ਾ ਵਿਚ ਬਾਣੀ ਦੀ ਰਚਨਾ ਨਹੀਂ ਕੀਤੀ?

1) ਬ੍ਰਿਜ ਭਾਸ਼ਾ ਵਿੱਚ
2) ਸਹਸਕ੍ਰਿਤੀ ਭਾਸ਼ਾ ਵਿੱਚ
3) ਲਹਿੰਦੀ ਭਾਸ਼ਾ ਵਿੱਚ
4) ਕੰਨੜ ਭਾਸ਼ਾ ਵਿੱਚ

170 ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਲਿਖਾਈ ਦਾ ਕੰਮ ਕਿਸ ਨੇ ਕੀਤਾ?

1) ਬਾਬਾ ਫਰੀਦ ਜੀ ਨੇ
2) ਭਾਈ ਗੁਰਦਾਸ ਜੀ ਨੇ
3) ਜੈ ਦੇਵ ਜੀ ਨੇ
4) ਬੇਣੀ ਜੀ ਨੇ

171 ਉਪਰੋਕਤ ਪੈਰੇ ਵਿਚ ਗੁਰੂ ਸਾਹਿਬ ਵੇਲੇ ਪ੍ਰਚਲਿੱਤ ਕਿੰਨੀਆਂ ਭਾਸ਼ਾਵਾਂ ਦੇ ਨਾਮ ਆਏ ਹਨ?

1) 10
2) 4
3) 6
4) 9

172 ਗੁਰੂ ਅਰਜਨ ਦੇਵ ਜੀ ਦੀ ਕਿਹੜੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ?

1) ਜਪੁਜੀ ਸਾਹਿਬ
2) ਸੁਖਮਨੀ ਸਾਹਿਬ
3) ਅਨੰਦ ਸਾਹਿਬ
4) ਵਾਰਾਂ

173 'ਆਦਿ ਗ੍ਰੰਥ ਵਿਚ ਦਰਜ ਬਾਣੀ 30 ਰਾਗਾਂ ਵਿਚ ਹੈ' ਵਾਕ ਵਿਚ ਕਿਹੜਾ ਕਾਲ ਵਰਤਿਆ ਗਿਆ ਹੈ?

1) ਭੂਤ ਕਾਲ
2) ਭਵਿੱਖ ਕਾਲ
3) ਵਰਤਮਾਨ ਕਾਲ
4) ਸਰਬਕਾਲ

174-180 ਹੇਠ ਲਿਖੇ ਪੈਰੇ ਨੂੰ ਧਿਆਨ ਨਾਲ ਪੜ੍ਹੋ ਅਤੇ ਦਿੱਤੇ ਗਏ ਪ੍ਰਸ਼ਨਾ ਦੇ ਉੱਤਰ ਪੈਰ੍ਹੇ ਅਨੁਸਾਰ ਦਿਉ:-

ਖੁੱਲ੍ਹੇ-ਡੁੱਲ੍ਹੇ ਸੁਭਾਅ ਦੇ ਮਾਲਕ ਪੰਜਾਬੀ ਮੁੱਢ ਤੋਂ ਹੀ ਮੇਲਿਆਂ ਦੇ ਸ਼ੁਕੀਨ ਰਹੇ ਹਨ। ਜਰਗ ਦਾ ਮੇਲਾ, ਛਪਾਰ ਦਾ ਮੇਲਾ, ਅਤੇ ਜਗਰਾਵਾਂ ਦੀ ਰੋਸ਼ਨੀ ਵਰਗੇ ਵੱਡੇ ਮੇਲੇ ਪੰਜਾਬੀਆਂ ਲਈ ਹਮੇਸ਼ਾ ਖਿੱਚ ਦਾ ਕੇਂਦਰ ਰਹੇ ਹਨ। ਅਜੋਕੇ ਸਮੇਂ ਵਿਚ ਪੁਸਤਕ ਮੇਲੇ ਵੀ ਥਾਂ-ਥਾਂ ਲੱਗਣ ਲੱਗੇ ਹਨ। ਇਹ ਮੇਲੇ ਪੰਜਾਬ ਦੇ ਘੁੱਗ ਵੱਸਦੇ ਇਲਾਕਿਆਂ ਵਿੱਚ ਲੱਗਦੇ ਹਨ। ਅੱਜ-ਕੱਲ੍ਹ ਆਵਾਜਾਈ ਦੇ ਸਾਧਨਾਂ ਵਿੱਚ ਅਥਾਹ ਵਾਧਾ ਹੋਣ ਕਰਕੇ ਅਤੇ ਪਿੰਡ-ਪਿੰਡ, ਗਲ਼ੀ-ਗਲ਼ੀ, ਹੱਟੀਆਂ ਦੀ ਪਹੁੰਚ ਕਾਰਨ ਲੋਕਾਂ ਦੀ ਖ੍ਰੀਦੋ-ਫ਼ਰੋਖ਼ਤ ਦੇ ਢੰਗਾ ਵਿਚ ਤਬਦੀਲੀ ਆਈ ਹੈ। ਮੇਲ਼ਿਆਂ ਵਿਚ ਲੱਗਦੀ ਬਲਦਾਂ ਦੀ ਭਾਰੀ ਮੰਡੀ ਕਈ ਸਾਲਾਂ ਤੋਂ ਗ਼ਾਇਬ ਹੈ। ਰੰਗ-ਬਰੰਗੇ ਪਰਾਂਦਿਆਂ ਅਤੇ ਰੀਬਨਾਂ ਨਾਲ਼ ਸ਼ਿੰਗਾਰੇ ਊਠਾਂ ਦੀ ਮੰਡੀ ਵੀ ਹੁਣ ਰਵਾਇਤ ਮਾਤਰ ਹੀ ਰਹਿ ਗਈ ਹੈ। ਮੇਲ਼ੇ ਦੇ ਦਿਨਾਂ ਵਿੱਚ ਏਨੀ ਭੀੜ ਹੁੰਦੀ ਹੈ ਕਿ ਮੋਟਰ-ਗੱਡੀਆਂ ਦਾ ਸੜਕ ਤੋਂ ਗੁਜ਼ਰਨਾ ਮੁਹਾਲ ਹੋ ਜਾਂਦਾ ਹੈ। ਮੁਨਿਆਰੀ ਤੇ ਹੋਰ ਨਿਕ-ਸੁਕ ਦੀਆਂ ਦੁਕਾਨਾਂ 'ਤੇ ਔਰਤਾਂ ਤੇ ਮੁਟਿਆਰਾਂ ਦੀ ਭੀੜ ਹੁੰਦੀ ਹੈ। ਜੇਕਰ ਡੇਢ ਕੁ ਦਹਾਕਾ ਪਹਿਲਾਂ ਇਲਾਕੇ ਦੀ ਸ੍ਵੈ-ਸੇਵੀ ਜਥੇਬੰਦੀ 'ਮੇਲ਼ਾ ਭਲਾਈ ਕਮੇਟੀ' ਮੇਲ਼ੇ ਵਿਚ ਤਿੰਨ ਰੋਜ਼ਾ ਖੇਡ ਅਤੇ ਸੱਭਿਆਚਾਰਕ ਮੇਲ਼ਾ ਸ਼ੁਰੂ ਨਾ ਕਰਦੀ ਤਾਂ ਛਪਾਰ ਦੇ ਮੇਲ਼ੇ ਨੇ ਮਹਿਜ਼ ਜੂਏ ਤੇ ਲੱਚਰਤਾ ਦਾ ਮੇਲ਼ਾ ਹੀ ਬਣ ਕੇ ਰਹਿ ਜਾਣਾ ਸੀ। ਜਿੱਥੇ ਇਹ ਮੇਲ਼ਾ ਆਪਸੀ ਰਿਸ਼ਤਿਆਂ ਵਿਚ ਨਿੱਘ ਵਧਾਉਂਦਾ ਹੈ ਉੱਥੇ ਇਹ ਮੇਲ਼ਾ ਇਲਾਕੇ ਦੇ ਸੱਭਿਆਚਾਰ ਦੀ ਜਿਉਂਦੀ-ਜਾਗਦੀ ਤਸਵੀਰ ਹੈ। ਗੱਭਰੂ ਇਹਨਾਂ ਮੇਲ਼ਿਆਂ ਵਿਚ ਹੁੰਮ-ਹੁਮਾ ਕੇ ਪਹੁੰਚਦੇ ਹਨ।

174 ਅਜੋਕੇ ਸਮੇਂ ਵਿਚ ਕਿਹੜੇ ਮੇਲ਼ੇ ਲੱਗਣੇ ਸ਼ੁਰੂ ਹੋਏ ਹਨ?

1) ਜਰਗ ਦਾ ਮੇਲ਼ਾ
2) ਜਗਰਾਵਾਂ ਦੀ ਰੋਸ਼ਨੀ
3) ਪੁਸਤਕ ਮੇਲ਼ਾ
4) ਛਪਾਰ ਦਾ ਮੇਲ਼ਾ



NMMS PSTSE Content : https://nmms.successadda.in/

175 ਮੇਲਿਆਂ ਵਿਚੋਂ ਅੱਜ-ਕੱਲ੍ਹ ਕਿਹੜੀ ਚੀਜ਼ ਗ਼ਾਇਬ ਹੈ?

1) ਬਲਦਾਂ ਦੀ ਮੰਡੀ
2) ਹੱਟੀਆਂ
3) ਮਨਿਆਰੀ ਦਾ ਸਮਾਨ
4) ਊਠਾਂ ਦੀ ਮੰਡੀ

176 'ਮੋਟਰ-ਗੱਡੀਆਂ' ਸ਼ਬਦ ਵਿਚ ਲੱਗਾ ਵਿਸ਼ਰਾਮ ਚਿੰਨ੍ਹ ਕਿਹੜਾ ਹੈ?

1) ਡੈਸ਼
2) ਦੋਬਿੰਦੀ ਡੈਸ਼
3) ਜੋੜਨੀ
4) ਬਿੰਦੀ ਕਾਮਾ

177 ਮੇਲੇ ਵਿਚ ਕਿਹੜੀ ਬੁਰਾਈ ਨਿੰਦਨਯੋਗ ਹੁੰਦੀ ਹੈ?

1) ਭੀੜ
2) ਜੂਏ-ਬਾਜ਼ੀ
3) ਮੋਟਰ-ਗੱਡੀਆਂ
4) ਰੋਸ਼ਨੀ

178 ਗੱਭਰੂ ਸ਼ਬਦ ਦਾ ਲਿੰਗ ਬਦਲੋ:

1) ਤੀਵੀਂ
2) ਗੱਭਰੂਆਂ
3) ਕੁੜੀ
4) ਮੁਟਿਆਰ

179 'ਖੁੱਲ੍ਹੇ-ਡੁੱਲ੍ਹੇ' ਸ਼ਬਦ ਵਿਚ ਕਿਹੜੇ ਦੁੱਤ ਅੱਖਰ ਦੀ ਵਰਤੋਂ ਹੋਈ ਹੈ?

1) ਖ
2) ਲ
3) ਹ
4) ਔਂਕੜ

180 ਮੇਲੇ ਕਿਸ ਚੀਜ਼ ਦੀ ਜਿਊਂਦੀ ਜਾਗਦੀ ਤਸਵੀਰ ਹਨ?

1) ਸੱਭਿਆਚਾਰ
2) ਖ੍ਰੀਦੋ-ਫ਼ਰੋਖਤ
3) ਸ਼ਿੰਗਾਰ
4) ਘੁੱਗ ਵੱਸਦੇ ਇਲਾਕਿਆਂ ਦੀ